# ਹੋਰ ਵੀ ਉਠਸੀ ਮਰਦ ਕਾ ਚੇਲਾ



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

•ਇਹ ਨਾਟਕ ਮੈਂ ਸਿੱਧੇ ਤੌਰ 'ਤੇ ਪੁਲੀਸ ਵਲੋਂ ਇਨਕਲਾਬੀ ਕਾਰਕੁਨਾਂ ਉਤੇ ਤਸੀਹੇ, ਘਰਾਂ ਵਿਚ ਢਾਏ ਜ਼ੁਲਮ ਦੇ ਪ੍ਰਤੀਕਰਮ ਵਿਚ ਲਿਖਿਆ ਸੀ। ਇਸ ਨਾਟਕ ਵਿਚ ਜਿਥੇ ਮੈਂ ਪੁਲੀਸ ਦੇ ਕਿਰਦਾਰ ਨੂੰ ਨੰਗਾ ਕੀਤਾ, ਉਥੇ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਹਾਕਮ ਤਬਕੇ ਦੇ ਲੋਕਾਂ ਨਾਲ ਇਨ੍ਹਾਂ ਦੀ ਮਿਲੀਭੁਗਤ ਹੈ ਅਤੇ ਇਨ੍ਹਾਂ ਦੀ ਮਦਦ ਨਾਲ ਹੀ ਇਹ ਸਰਕਾਰੇ-ਦਰਬਾਰੇ ਰਸੂਖ ਵਾਲੇ ਬੰਦੇ ਗਰੀਬਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਲੁੱਟਦੇ ਹਨ। ਪੁਲੀਸ ਇਨ੍ਹਾਂ ਰਸੂਖ ਵਾਲੇ ਬੰਦਿਆਂ ਦੇ ਜੁਰਮਾਂ ਨੂੰ ਛੁਪਾਉਂਦੀ ਹੈ ਤੇ ਉਨ੍ਹਾਂ ਦੇ ਜੁਰਮਾਂ ਦੀ ਭਾਈਵਾਲ ਬਣਦੀ ਹੈ। ਇਸ ਵਰਤਾਰੇ ਦੀ ਵਿਰੋਧਤਾ ਕਰਨ ਲਈ ਨੌਜਵਾਨ ਉਠਦੇ ਹਨ। ਬੇਖੌਫ ਹੋ ਕੇ ਇਨ੍ਹਾਂ ਅਨਸਰਾਂ ਨਾਲ ਟੱਕਰ ਲੈਂਦੇ ਹਨ ਤੇ ਲੋਕ ਜਾਗ੍ਰਿਤੀ ਦੇ ਅਮਲ ਨੂੰ ਪੂਰਾ ਕਰਦੇ ਹਨ।

ਕਹਾਣੀ ਦਾ ਪਹਿਲਾ ਭਾਗ ਪੁਲੀਸ ਥਾਣੇ ਵਿਚ ਵਾਪਰਦਾ ਹੈ ਜਦੋਂ ਪੁੱਛਣ 'ਤੇ ਸਿਪਾਹੀ ਥਾਣੇਦਾਰ ਨੂੰ ਸ਼ਹਿਰ ਦਾ ਹਾਲ ਦੱਸ ਰਿਹਾ ਹੈ ਕਿ ਚੋਰ ਚੋਰੀਆਂ ਕਰ ਰਹੇ ਹਨ, ਬਦਮਾਸ਼ ਬਦਮਾਸ਼ੀਆਂ ਕਰ ਰਹੇ ਹਨ, ਪਰ ਵੱਡੀ ਗੱਲ ਹੈ ਕਿ ਸਾਡੇ ਹਿੱਸੇ ਦੀ ਰਕਮ ਬਾਕਾਇਦਾ ਥਾਣੇ ਪੁਚਾ ਰਹੇ ਹਨ। ਸ਼ਰਾਬ ਕੱਢਣ ਵਾਲੇ ਸ਼ਰਾਬ ਕੱਢ ਰਹੇ ਹਨ ਪਰ ਸਾਡੇ ਹਿੱਸੇ ਦੀਆਂ ਬੋਤਲਾਂ ਬਾਕਾਇਦਾ ਥਾਣੇ ਪੁਚਾ ਰਹੇ ਹਨ। ਝੂਠ ਦਾ ਬਾਜ਼ਾਰ ਹੈ, ਧੋਖੇ ਦਾ ਵਪਾਰ ਹੈ, ਨਕਲੀ ਚੀਜ਼ਾਂ ਅਸਲੀ ਕਹਿ ਕੇ ਵੇਚੀਆਂ ਜਾ ਰਹੀਆਂ ਹਨ, ਲੋਕ ਥਾਣੇਦਾਰ ਤੋਂ ਡਰਦੇ ਹਨ, ਇਸੇ ਲਈ ਮਹੀਨਾ ਬਾਕਾਇਦਾ ਭਰਦੇ ਹਨ। ਥਾਣੇਦਾਰ ਦਾ ਰੁਅਬ ਹੈ, ਕੋਈ ਕੁਸਕਦਾ ਨਹੀਂ, ਜਿਹੜਾ ਕੁਸਕਦਾ ਹੈ, ਉਹ ਨੱਪ ਦਿੱਤਾ ਜਾਂਦਾ ਹੈ ਤੇ ਜਿਹੜਾ ਨੱਪ ਦਿੱਤਾ ਜਾਂਦਾ ਹੈ ਉਹ ਕੁਸਕਦਾ ਨਹੀਂ। ਸਿਪਾਹੀ ਅੱਗੇ ਦੱਸਦਾ ਹੈ ਕਿ ਹੁਣ ਹਾਲਾਤ ਵਿਚ ਤਬਦੀਲੀ ਆ ਗਈ ਹੈ। ਇਕ ਨੌਜਵਾਨ, ਲਾਲੀ ਜਿਸ ਦਾ ਨਾਂ ਹੈ ਉਹ ਲੋਕਾਂ ਵਿਚ ਪ੍ਰਚਾਰ ਕਰ ਰਿਹਾ ਹੈ ਕਿ ਪਿਛਲੇ ਸਾਲ ਗਰੀਬਾਂ ਦੀ ਧੀ, ਜਿਸ ਦੀ ਲਾਸ਼ ਛੱਪੜ ਕੰਢੇ ਤੋਂ ਮਿਲੀ ਸੀ, ਉਹ ਐਮ. ਐਲ. ਏ. ਦੀ ਹਵੇਲੀ ਵਿਚ ਕਤਲ ਕਰ ਦਿੱਤੀ ਗਈ ਸੀ ਤੇ ਪੁਲੀਸ ਵਾਲਿਆਂ ਨੇ ਕੇਸ ਠੱਪ ਕਰ ਦਿੱਤਾ ਸੀ। ਉਹ ਇਹ ਵੀ ਦੱਸਦਾ ਹੈ ਕਿ ਲਾਲੀ ਲੋਕਾਂ ਨੂੰ ਪੁਲੀਸ ਵਿਰੁਧ ਉਕਸਾ ਰਿਹਾਂ ਹੈ ਤੇ ਹੁਣ ਉਹਦਾ ਹੌਸਲਾ ਇੰਨਾ ਵਧ ਗਿਆ ਹੈ ਕਿ ਉਹ ਬਾਹਰ ਥਾਣੇਦਾਰ ਨੂੰ ਮਿਲਣ ਲਈ ਵੀ ਆ ਗਿਆ ਹੈ। ਲਾਲੀ ਨੂੰ ਅੰਦਰ ਬੁਲਾਇਆ ਜਾਂਦਾ ਹੈ। ਉਹ ਥਾਣੇਦਾਰ ਨੂੰ ਖਰੀਆਂ ਖਰੀਆਂ ਸੁਣਾਉਂਦਾ ਹੈ ਤੇ ਥਾਣੇਦਾਰ ਉਹਨੂੰ ਧਮਕੀਆਂ ਦਿੰਦਾ ਹੈ ਕਿ ਉਹ ਜਲਦੀ ਹੀ ਉਹਨੂੰ ਕਾਬੂ ਕਰੇਗਾ।

ਦੂਜੇ ਭਾਗ ਵਿਚ ਐਮ. ਐਲ. ਏ. ਦਾ ਘਰ ਹੈ। ਉਹ ਇਕ ਚਾਵਲਾਂ ਦੇ ਵਪਾਰੀ ਕੋਲੋਂ ਪਾਰਟੀ ਦੀ ਕਾਨਫਰੰਸ ਕਰਨ ਦੇ ਬਹਾਨੇ ਪੈਸੇ ਦੀ ਉਗਰਾਹੀ ਕਰਦਾ ਹੈ ਕਿਉਂਕਿ ਮੰਡੀ ਵਿਚ ਚਾਵਲਾਂ ਦਾ ਭਾਅ ਸਮੇਂ ਸਿਰ ਨਾ ਮਿਥੇ ਜਾਣ ਕਰ ਕੇ ਐਮ. ਐਲ. ਏ. ਨੇ ਉਹਨੂੰ ਲੱਖਾਂ ਰੁਪਏ ਦਾ ਫਾਇਦਾ ਕਰਵਾਇਆ ਸੀ। ਭਾਵੇਂ ਸਾਧਾਰਨ ਕਿਸਾਨ ਦੀ ਪੂਰੀ ਤਰ੍ਹਾਂ ਲੁੱਟ ਹੋਈ ਸੀ। ਵਪਾਰੀ ਦੇ ਜਾਣ ਦੇ ਬਾਅਦ ਥਾਣੇਦਾਰ ਆਉਂਦਾ ਹੈ। ਉਹਨੂੰ ਵੱਡੀ ਰਕਮ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਕਿ ਉਹ ਲਾਲੀ ਦਾ ਮੂੰਹ ਬੰਦ ਕਰੇ। ਐਮ. ਐਲ. ਏ. ਪੂਰੀ ਤਰ੍ਹਾਂ ਤਾਕਤ ਦੇ ਨਸ਼ੇ ਵਿਚ ਗੁੱਟ ਹੈ ਜਦੋਂ ਉਹਦਾ ਕਤਲ ਹੋ ਜਾਂਦਾ ਹੈ, ਕਿਸ ਨੇ ਕੀਤਾ ਹੈ? ਜ਼ਾਹਿਰ ਹੈ ਕਿ ਕਿਸੇ ਨੇ ਐਮ. ਐਲ. ਏ. ਵਲੋਂ ਢਾਹੇ ਗਏ ਕਿਸੇ ਜ਼ੁਲਮ ਦਾ ਬਦਲਾ ਲਿਆ ਹੈ। ਲਾਲੀ ਨੂੰ ਕਤਲ ਕੇਸ ਵਿਚ ਧਰ ਲਿਆ ਜਾਂਦਾ ਹੈ।

ਨਾਟਕ ਦਾ ਤੀਜਾ ਅਤੇ ਅੰਤਿਮ ਭਾਗ ਦੋ ਧਿਰਾਂ ਦੀ ਟੱਕਰ ਹੈ। ਲਾਲੀ ਨੂੰ ਤਸੀਹੇ ਦਿੱਤੇ ਜਾਂਦੇ ਹਨ ਪਰ ਉਹ ਆਪਣੀ ਅਣਖ 'ਤੇ ਕਾਇਮ ਰਹਿੰਦਾ ਹੈ। ਉਹ ਥਾਣੇਦਾਰ ਨੂੰ ਇਤਿਹਾਸ ਦੇ ਸਾਰੇ ਉਹ ਵਾਕਿਆਤ ਯਾਦ ਕਰਵਾਉਂਦਾ ਹੈ ਜਦੋਂ ਜ਼ਾਲਮਾਂ ਨੇ ਜ਼ੁਲਮ ਦਾ ਆਸਰਾ ਲੈ ਕੇ ਅਣਖ ਦੀ ਆਵਾਜ਼ ਨੂੰ ਦਬਾਉਣਾ ਚਾਹਿਆ ਸੀ ਪਰ ਉਹ ਦਬਾ ਨਹੀਂ ਸਕੇ ਸਨ। ਲਾਲੀ ਨਿਢਾਲ ਹਾਲਤ ਵਿਚ ਵੀ ਪੁਲੀਸ ਵਲੋਂ ਢਾਹੇ ਹਰ ਜ਼ੁਲਮ ਦਾ ਮੁਕਾਬਲਾ ਕਰਦਾ ਹੈ। ਥਾਣੇ ਦੇ ਬਾਹਰ ਨਾਅਰਿਆਂ ਦੀ ਆਵਾਜ਼ ਆਉਂਦੀ ਹੈ। ਲੋਕਾਂ ਦੀ ਭੀੜ ਨੇ ਥਾਣੇ ਨੂੰ ਘੇਰ ਲਿਆ ਹੈ। ਉਹ ਆਪਣੀ ਸ਼ਕਤੀ ਦੇ ਆਸਰੇ ਲਾਲੀ ਨੂੰ ਰਿਹਾ ਕਰਵਾਉਂਦੇ ਹਨ। ਜਬਰ ਅਤੇ ਲੋਕ ਸ਼ਕਤੀ ਦੀ ਟੱਕਰ ਵਿਚ ਲੋਕ ਸ਼ਕਤੀ ਦੀ ਜਿੱਤ ਹੁੰਦੀ ਹੈ। ਨਾਟਕ ਦਾ ਕੇਂਦਰੀ ਧੁਰਾ ਹੈ ਕਿ ਸੁੱਤੀ ਹੋਈ ਲੋਕ ਸ਼ਕਤੀ ਨੂੰ ਜਗਾਉਣ ਲਈ ਕਿਸੇ ਮਰਦੇ ਕਾਮਲ ਦੀ, ਕਿਸੇ ਮਰਦ ਦੇ ਚੇਲੇ ਦੀ ਅਗਵਾਈ ਦੀ ਲੋੜ ਹੁੰਦੀ ਹੈ।

ਇਹ ਨਾਟਕ ਸਿੱਧੇ ਤੌਰ 'ਤੇ ਵਿਦਰੋਹ ਦੀ ਕਹਾਣੀ ਹੈ। ਇਨਕਲਾਬੀ ਸਟੇਜ ਦਾ ਇਹ ਮੇਰਾ ਬੜਾ ਹੀ ਚਰਚਿਤ ਨਾਟਕ ਹੈ ਤੇ ਮੇਰੇ ਆਪਣੇ ਗਰੁਪ ਦੇ ਇਲਾਵਾ ਹੋਰ ਵੀ ਬਹੁਤ ਸਾਰੇ ਨਾਟਕ ਗਰੁਪਾਂ ਨੇ ਇਹਨੂੰ ਬੜੀ ਸਫਲਤਾ ਨਾਲ ਖੇਡਿਆ ਹੈ। ਇਸ ਨਾਟਕ ਵਿਚ ਦਰਸ਼ਨ ਸਿੰਘ ਬੇਦੀ ਨੇ ਜੋ ਬੜੇ ਸਾਲਾਂ ਤੋਂ ਮੇਰੇ ਨਾਲ ਕੰਮ ਕਰਦਾ ਹੈ, ਥਾਣੇਦਾਰ ਦੀ ਭੂਮਿਕਾ ਵਿਚ ਬਹੁਤ ਚੰਗੀ ਅਦਾਕਾਰੀ ਕੀਤੀ ਪਰ ਸਭ ਤੋਂ ਵੱਧ ਇਸ ਨਾਟਕ ਵਿਚ ਮੇਰੇ ਨੌਜਵਾਨ ਕਲਾਕਾਰ ਸੁਖਦੇਵ ਪ੍ਰੀਤ ਨੇ ਪੰਜਾਬੀ ਸਟੇਜ ਉਤੇ ਆਪਣੇ ਹਸਤਾਖਰ ਪੱਕੀ ਤਰ੍ਹਾਂ ਕਾਇਮ ਕੀਤੇ। ਬਹੁਤ ਵਾਰ ਉਹ ਇਸ ਨਾਟਕ ਵਿਚ ਨੌਜਵਾਨ ਅਤੇ ਐਮ. ਐਲ. ਏ. ਦੀ ਡਬਲ ਭੂਮਿਕਾ ਨਿਭਾਉਂਦਾ ਸੀ ਤੇ ਦੋਨਾਂ ਵਿਚ ਆਪਣੀ ਵਿਲੱਖਣ ਅਭਿਨੈ ਸ਼ੈਲੀਆਂ ਨਾਲ ਇਨ੍ਹਾਂ ਕਿਰਦਾਰਾਂ ਨਾਲ ਪੂਰੀ ਤਰ੍ਹਾਂ ਇਨਸਾਫ ਕਰਦਾ ਸੀ।

**ਪਿੱਛੋਂ ਲਿਖਿਆ ਨੋਟ:** ਸੁਖਦੇਵ ਪ੍ਰੀਤ 10 ਅਕਤੂਬਰ, 1991 ਨੂੰ ਪੰਜਾਬ ਦੇ ਖੂਨੀ ਵਾਤਾਵਰਣ ਦੀ ਬਲੀ ਚੜ੍ਹ ਗਿਆ ਹੈ। ਅੰਮ੍ਰਿਤਸਰ ਦੇ ਨੇੜੇ ਉਹ ਆਪਣੇ ਸਹੁਰੇ ਪਿੰਡ ਗਿਆ ਤਾਂ ਉਹਨੂੰ ਤੇ ਉਹਦੀ ਪਤਨੀ ਰਣਜੀਤ ਕੌਰ ਨੂੰ ਫਾਹਾ ਦੇ ਕੇ ਮਾਰ ਦਿੱਤਾ ਗਿਆ। ਸੁਖਦੇਵ ਪ੍ਰੀਤ ਇਕ ਉਚੀ ਪੱਧਰ ਦਾ ਕਲਾਕਾਰ ਸੀ। ਮੈਂ ਕਹਿ ਸਕਦਾ ਹਾਂ ਪਿਛਲੇ ਦਸ ਸਾਲਾਂ ਦੇ ਦੌਰਾਨ ਉਹ ਮੇਰੇ ਗਰੁਪ ਦਾ ਸਾਰਿਆਂ ਨਾਲੋਂ ਪ੍ਰਤਿਭਾਸ਼ੀਲ ਕਲਾਕਾਰ ਸੀ। ਜਗਮੋਹਨ ਜੋਸ਼ੀ ਦੇ ਇਨਕਲਾਬੀ ਗੀਤਾਂ ਨੂੰ ਜਦੋਂ ਪਰਮਜੀਤ ਗਾਉਂਦਾ ਸੀ ਤਾਂ ਹੋਰਨਾਂ ਕਲਾਕਾਰਾਂ ਦੇ ਨਾਲ ਸੁਖਦੇਵ ਪ੍ਰੀਤ ਹੀ ਸੀ, ਜੋ ਉਨ੍ਹਾਂ ਗੀਤਾਂ ਨੂੰ ਐਕਸ਼ਨ ਦੇ ਕੇ ਦਰਸ਼ਕਾਂ ਵਿਚ ਬਗਾਵਤ ਦੇ ਸ਼ੋਅਲੇ ਜਗਾਉਂਦਾ ਸੀ। ਮੇਰੇ ਟੈਲੀ ਸੀਰੀਅਲ 'ਦਾਸਤਾਨੇ ਪੰਜਾਬ' ਵਿਚ ਉਹਨੇ ਦੋ ਕਿਸ਼ਤਾਂ ਵਿਚ ਆਪਣੀ ਕਲਾ ਦੇ ਜੌਹਰ ਵਿਖਾਏ। 'ਹਾਦਸਾ' ਅਤੇ 'ਪਰਵਾਸੀ' ਵਿਚ ਉਸ ਨੇ ਮੁੱਖ ਭੂਮਿਕਾਵਾਂ ਨਿਭਾਈਆਂ। ਮੇਰੇ ਨਾਟਕ 'ਵੰਗਾਰ' ਵਿਚ ਉਹਨੇ ਗ਼ਦਰੀ ਬਾਬੇ ਦੇ ਰੂਪ ਵਿਚ ਜੋ ਐਕਸ਼ਨ ਗੀਤ ਪੇਸ਼ ਕੀਤਾ, ਉਹ ਵੀ ਉਹਦੀ ਅਭਿਨੈ ਕਲਾ ਦੀ ਸਾਖੀ ਭਰਦਾ ਹੈ। ਪਹਿਲੀ ਮਈ 1991 ਉਹ ਮੇਰੇ ਗਰੁਪ ਨਾਲ ਬੰਬਈ ਗਿਆ ਤੇ ਆਪਣੀ ਕਲਾ ਦਾ ਸਿੱਕਾ ਬੰਬਈ ਨਿਵਾਸੀਆਂ ਵਿਚ ਜਮਾਇਆ। ਪਾਸ਼ ਦੇ ਗੀਤਾਂ ਦੀ ਕੈਸਟ 'ਅਸੀਂ ਲੜਾਂਗੇ ਸਾਥੀ' ਵਿਚ ਪਾਸ਼ ਦੀਆਂ ਕਵਿਤਾਵਾਂ ਦੀ ਪੇਸ਼ਕਸ਼ ਵਿਚ ਸੁਖਦੇਵ ਪ੍ਰੀਤ ਦੀ ਆਵਾਜ਼ ਨੇ ਇਕ ਵਿਸ਼ੇਸ਼ ਸ਼ਕਤੀ ਭਰੀ। ਇਸ ਕੈਸਟ ਵਿਚ ਮੇਰੇ ਇਸ ਅਜ਼ੀਜ਼ ਕਲਾਕਾਰ ਦੀ ਆਵਾਜ਼ ਹਮੇਸ਼ਾ ਲਈ ਲੋਕਾਂ ਲਈ ਸਾਂਭੀ ਰਹੇਗੀ।

